
## ਪਾਠ – 5
## ਉੱਦਮ ਕਰੀਂ ਜ਼ਰੂਰ (ਲੇਖਕ–ਬਲਦੇਵ ਧਾਲੀਵਾਲ)

ਜੋ ਕੁਝ ਲੋਚੇਂ ਮਨ ਵਿੱਚ ਸੱਜਣਾ,
ਉੱਦਮ ਕਰੀਂ ਜ਼ਰੂਰ।
ਬਿਨ ਉੱਦਮ ਹੱਥ ਸੱਖਣੇ ਰਹਿਣ,
ਉੱਦਮ ਥੀਂ ਭਰਪੂਰ।
ਜੇ ਚਾਹੇਂ ਪੁੱਜਣਾ ਮੰਜ਼ਲ 'ਤੇ,
ਵਗੀਂ ਜਿਵੇਂ ਦਰਿਆ।
ਤੋਰ–ਨਿਰੰਤਰ ਨਾਂ ਜ਼ਿੰਦਗੀ ਦਾ,
ਮੌਤ, ਕਦਮ ਰੁਕਿਆਂ ।
ਜੇ ਕਿਧਰੇ ਹਾਰਾਂ ਲੱਕ ਤੋੜਨ,
ਮਨ ਹੋ ਜਾਏ ਨਿਰਾਸ।
ਜ਼ਿੰਦਗੀ ਜਾਣੀਂ ਘੋਲ਼ ਲੰਮੇਰਾ,
ਜਿੱਤ ਵਿੱਚ ਰੱਖ ਵਿਸ਼ਵਾਸ।
ਜੇ ਕਿਧਰੇ ਮਨ ਦੇ ਅੰਬਰ 'ਤੇ,
ਛਾਏ ਘੋਰ ਉਦਾਸੀ।
ਮਨ ਦਾ ਮਾਲਕ ਬਣਨ ਨਾ ਦੇਵੀਂ,
ਇਹ ਤਾਂ ਤੇਰੀ ਦਾਸੀ।
ਤੇਰੇ ਮਨ ਵਿੱਚ ਰੋਸ਼ਨ ਸੂਰਜ,
ਚੰਦਰਮਾ ਤੇ ਤਾਰੇ।
ਕਦਮਾਂ ਦੇ ਵਿੱਚ ਮੰਜ਼ਲਾਂ ਤੇਰੇ,
ਸਮਝ ਲਵੇਂ ਜੇ ਪਿਆਰੇ।
ਤੇਰੇ ਖਿੜਨ ਤੋਂ ਜੱਗ ਨੇ ਖਿੜਨਾ,
ਮੁਰਝਾਇਆਂ, ਮੁਰਝਾਵੇ।
ਵੰਡ ਸੁਗੰਧੀਆਂ, ਪ੍ਰੀਤ–ਸੁਨੇਹੇ,
ਨਿੱਘੇ ਪਿਆਰ–ਕਲ਼ਾਵੇ।
ਸਿਦਕ, ਲਗਨ ਦੇ ਤਕੜੇ ਖੰਭੀਂ,
ਉੱਡਣਾ ਉੱਚ–ਅਸਮਾਨੀਂ।
ਥਲ, ਸਾਗਰ ਵੀ ਰੋਕ ਸਕਣ ਨਾ,
ਤੇਰੀ ਸਹਿਜ–ਰਵਾਨੀ।
ਜੇ ਕੁਝ ਲੋਚੇਂ ਮਨ ਵਿੱਚ ਸੱਜਣਾ,
ਉੱਦਮ ਕਰੀ ਜ਼ਰੂਰ।
ਬਿਨ ਉੱਦਮ ਹੱਥ ਸੱਖਣੇ ਰਹਿਸਣ,
ਉੱਦਮ ਥੀਂ ਭਰਪੂਰ।









**1. ਹੇਠ ਲਿਖੀਆਂ ਸਤਰਾਂ ਦਾ ਭਾਵ ਸਪਸ਼ਟ ਕਰੋ :**

**ੳ. ਜੇ ਕਿਧਰੇ ਹਾਰਾਂ ਲੱਕ ਤੋੜਨ,**
**ਮਨ ਹੋ ਜਾਏ ਨਿਰਾਸ਼।**
**ਜ਼ਿੰਦਗੀ ਜਾਣੀ ਘੋਲ਼ ਲੰਮੇਰਾ,**
**ਜਿੱਤ ਵਿੱਚ ਰੱਖ ਵਿਸ਼ਵਾਸ।**

**ਭਾਵ :** ਮਨੁੱਖ ਨੂੰ ਹਾਰਾਂ ਤੋਂ ਨਿਰਾਸ਼ ਨਹੀਂ ਹੋਣਾ ਚਾਹੀਦਾ, ਸਗੋਂ ਜ਼ਿੰਦਗੀ ਨੂੰ ਇੱਕ ਲੰਮਾ ਘੋਲ਼ ਮੰਨਦਿਆਂ ਹੋਇਆ ਜਿੱਤ ਵਿੱਚ ਵਿਸ਼ਵਾਸ ਰੱਖਣਾ ਚਾਹੀਦਾ ਹੈ।

**ਅ. ਸਿਦਕ, ਲਗਨ ਦੇ ਤਕੜੇ ਖੰਭੀਂ,**
**ਉੱਡਣਾ ਉੱਚ–ਅਸਮਾਨੀਂ।**
**ਥਲ, ਸਾਗਰ ਵੀ ਰੋਕ ਸਕਣ ਨਾ,**

**ਤੇਰੀ ਸਹਿਜ ਰਵਾਨੀ।**

**ਭਾਵ :** ਮਨੁੱਖ ਨੂੰ ਚਾਹੀਦਾ ਹੈ ਕਿ ਵਿਸ਼ਵਾਸ ਤੇ ਲਗਨ ਨਾਲ਼ ਆਪਣੇ ਉੱਚੇ ਨਿਸ਼ਾਨੇ ਵੱਲ ਇੰਨੀ ਨਿਰੰਤਰ ਚਾਲ ਨਾਲ਼ ਵਧੇ ਕੇ ਕੋਈ ਰੁਕਾਵਟ ਵੀ ਉਸ ਨੂੰ ਰੋਕ ਨਾ ਸਕੇ।

**2. ਪ੍ਰਸ਼ਨ : ਉੱਦਮ ਕਰਨ ਨਾਲ਼ ਸਾਨੂੰ ਕੀ ਕੁਝ ਪ੍ਰਾਪਤ ਹੁੰਦਾ ਹੈ?**

**ਉੱਤਰ :** ਉੱਦਮ ਕਰਨ ਨਾਲ਼ ਮਨੁੱਖ ਨੂੰ ਉੱਚੀਆਂ ਮੰਜ਼ਲਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਕੋਈ ਰੁਕਾਵਟ ਉਸ ਦਾ ਰਾਹ ਨਹੀਂ ਰੋਕਦੀ।

**3. ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਲੋਚੇ | : | ਚਾਹੇ, ਇੱਛਿਆ ਕਰੇ |
| ਰਹਿਸਣ | : | ਰਹਿਣਗੇ |
| ਭਰਪੂਰ | : | ਭਰੇ ਹੋਏ |
| ਘੋਲ਼ | : | ਪਹਿਲਵਾਨਾਂ ਦੀ ਕੁਸ਼ਤੀ, ਟਾਕਰਾ, ਜੰਗ, ਲੜਾਈ |
| ਦਾਸੀ | : | ਸੇਵਾ ਕਰਨ ਵਾਲ਼ੀ |
| ਸਿਦਕ | : | ਵਿਸ਼ਵਾਸ, ਭਰੋਸਾ |
| ਸਹਿਜ ਰਵਾਨੀ | : | ਸੁਭਾਵਿਕ ਚਾਲ |

**4. ਵਾਕਾਂ ਵਿੱਚ ਵਰਤੋ :**

1. **ਮੰਜ਼ਲ** (ਨਿਸ਼ਾਨਾ)- ਉੱਦਮ ਕਰਨ ਨਾਲ਼ ਮੰਜ਼ਲ ਮਿਲਦੀ ਹੈ।
2. **ਉੱਦਮ** (ਯਤਨ)- ਉੱਦਮ ਕਰਨ ਵਾਲ਼ੇ ਰੁਕਾਵਟਾਂ ਤੋਂ ਨਹੀਂ ਘਬਰਾਉਂਦੇ।
3. **ਨਿਰੰਤਰ** (ਲਗਾਤਾਰ)- ਮੈਂ ਇਸ ਵਾਰ ਨਿਰੰਤਰ ਪੜ੍ਹਾਈ ਕਰਾਂਗਾ।
4. **ਸੁਗੰਧੀਆਂ** (ਖ਼ੁਸ਼ਬੂਆਂ)- ਬਗੀਚੇ ਦੇ ਫੁੱਲ ਸੁਗੰਧੀਆਂ ਛੱਡ ਰਹੇ ਹਨ।
5. **ਸਿਦਕ** (ਵਿਸ਼ਵਾਸ)- ਅਸੀਂ ਸਿਦਕ ਨਾਲ਼ ਖੇਡੇ ਤੇ ਮੈਚ ਜਿੱਤ ਗਏ।
6. **ਸੱਖਣੇ ਹੱਥ** (ਖ਼ਾਲੀ ਹੱਥ)- ਮਿਹਨਤ ਕਰਨ ਵਾਲ਼ੇ ਦੇ ਹੱਥ ਸੱਖਣੇ ਨਹੀਂ ਰਹਿੰਦੇ।
7. **ਲੱਕ ਤੋੜਨਾ** (ਹੌਂਸਲਾ ਤੋੜ ਦੇਣਾ)- ਜਵਾਨ ਪੁੱਤਰ ਦੀ ਮੌਤ ਨੇ ਉਸ ਦਾ ਲੱਕ ਤੋੜ ਦਿੱਤਾ।